# ਭੂਮਿਕਾ

*''ਇਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਣ ਬਚਾਉਂਦਾ ਹੈ। ਇਹ ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪ੍ਰਮੇਸ਼ਵਰ ਨੂੰ ਭਾਲਣਾ ਹੈ'' (1 ਪਤਰਸ 3:21)।*

ਅਮਰੀਕਾ ਦੇ ਰਾਜ ਮਿਜ਼ੋਰੀ ਵਿਚ ਸਪ੍ਰਿੰਗਫ਼ੀਲਡ ਨੇੜੇ ਕੈਂਪ ਹੈਪੀ ਹਾਲੋ ਵਿਚ ਟ੍ਰੇਨਿੰਗ ਸੀਰੀਜ਼ ਲਈ 1967 ਵਿਚ ਮੈਨੂੰ ਇਕ ਕੈਂਪੇਨ ਟੀਮ ਮਿਲੀ। ਉਸ ਤੋਂ ਪਿਛਲੀਆਂ ਗਰਮੀਆਂ ਵਿਚ ਮੈਂ ਲੋਕਾਂ ਨੂੰ ਮਸੀਹ ਵਿਚ ਲਿਆਉਣ ਲਈ ਉੱਤਰ-ਪੂਰਬੀ ਰਾਜਾਂ ਵਿਚ ਇਸ ਟੀਮ ਨਾਲ ਕੰਮ ਕੀਤਾ ਸੀ। ਅਸੀਂ ਲੋਕਾਂ ਨੂੰ ਬਪਤਿਸਮਾ ਲੈਣ ਲਈ ਸਮਝਾਉਣ ਵਿਚ ਕਾਮਯਾਬ ਵੀ ਹੋ ਗਏ, ਪਰ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਮਸੀਹ ਵਿਚ ਵਿਸ਼ਵਾਸੀ ਨਹੀਂ ਰਹੇ ਸਨ। ਉਨ੍ਹਾਂ ਦੀਆਂ ਪੁਰਾਣੀਆਂ ਪਾਪ ਭਰੀਆਂ ਜ਼ਿੰਦਗੀਆਂ ਨੂੰ ਛੁਡਾਉਣ ਅਤੇ ਮਸੀਹ ਲਈ ਜੀਉਣਾ ਸ਼ੁਰੂ ਕਰਨ ਅਤੇ ਉਤਸ਼ਾਹਤ ਕਰਨ ਲਈ ਅਸੀਂ ਕੁਝ ਵੀ ਕਰਨ ਨੂੰ ਤਿਆਰ ਸਾਂ। ਅਸੀਂ ਮਹਿਸੂਸ ਕੀਤਾ ਕਿ ਬਪਤਿਸਮਾ ਲੈਣ ਵਾਲਿਆਂ ਦੀਆਂ ਜ਼ਿੰਦਗੀਆਂ ਬਿਨਾਂ ਸਮਰਪਣ ਦੇ ਨਹੀਂ ਬਦਲੀਆਂ ਸਨ। ਅਸੀਂ ਚਾਹੁੰਦੇ ਸਾਂ ਕਿ ਬਪਤਿਸਮਾ ਉਨ੍ਹਾਂ ਲਈ ਸੱਚਮੁੱਚ ਇਕ ਨਵੀਂ ਜ਼ਿੰਦਗੀ ਹੋਵੇ, ਨਾ ਕਿ ਇਕ ਬਾਹਰੀ ਰਸਮ।

ਬਪਤਿਸਮੇ ਬਾਰੇ ਘੱਟੋ ਘੱਟ ਛੇ ਮੁੱਖ ਵਿਚਾਰ ਦਿੱਤੇ ਜਾਂਦੇ ਹਨ:

ਪਹਿਲਾ ਵਿਚਾਰ ਇਹ ਹੈ ਕਿ ਸੈਕਰਾਮੈਂਟ ਹੋਣ ਕਰਕੇ ਬਪਤਿਸਮਾ ਦੇਣ ਵਾਲੇ ਦੇ ਸਹੀ ਸ਼ਬਦਾਂ ਅਤੇ ਤਰੀਕੇ ਨਾਲ ਹੀ ਬਪਤਿਸਮਾ ਲੈਣ ਵਾਲਿਆਂ ਦੇ ਪਾਪ ਪਾਣੀ ਨਾਲ ਧੋਤੇ ਜਾਂਦੇ ਹਨ।

> ਸੈਕਰਾਮੈਂਟ ਕਿਸੇ ਚੀਜ਼ ਦੇ ਐਨਾ ਪਵਿੱਤਰ ਹੋਣ ਦਾ ਪ੍ਰਤੀਕ ਹੈ ਜਿਸ ਨਾਲ ਯਿਸੂ ਵੱਲੋਂ ਦਿੱਤੀ ਗਈ ਕਿਰਪਾ ਮਿਲਦੀ ਹੈ। ਇਸ ਪ੍ਰਤੀਕ ਨਾਲ ਸਿਰਫ਼ ਇਸ ਦਾ ਅਰਥ ਹੀ ਪਤਾ ਨਹੀਂ ਲਗਦਾ, ਸਗੋਂ ਕਿਸੇ ਨਾ ਕਿਸੇ ਤਰ੍ਹਾਂ ਇਹ ਅਸਲ 'ਚ ਕਿਰਪਾ ਦਾ ਵੀ ਕਾਰਣ ਬਣਦਾ ਹੈ। ... ਇਸ ਲਈ ਸੇਵਕ ਜਦ ਬਪਤਿਸਮਾ ਲੈਣ ਵਾਲਿਆਂ ਦੇ ਸਿਰ ਤੇ ਪਾਣੀ ਪਾਉਂਦਾ ਹੈ ਤਾਂ ... ਸੇਵਕ ਦੇ ਸ਼ਬਦਾਂ ਨਾਲ ਹੀ ਜੋ ਕਲੀਸੀਆ ਦੇ ਨਾਮ 'ਚ ਅਜਿਹਾ ਕਰਦਾ ਹੈ, ਪਾਣੀ ਉਸ ਬੰਦੇ ਦੇ ਪਾਪ ਦੇ ਪੁਰਾਣੇ ਦਾਗ਼ ਨੂੰ ਮਿਟਾ ਕੇ ਉਸ ਨੂੰ ਉਸ ਕਲੀਸੀਆ ਦਾ ਮੈਂਬਰ ਬਣਾ ਦਿੰਦਾ ਹੈ।[1]

ਦੂਜਾ ਵਿਚਾਰ ਇਹ ਹੈ ਕਿ ਆਗਿਆਕਾਰਿਤਾ ਦੇ ਇਕ ਕੰਮ ਦੇ ਤੌਰ ਤੇ ਬਪਤਿਸਮੇ ਤੋਂ ਪਤਾ ਲਗਦਾ ਹੈ ਕਿ ਇਸ ਦੇ ਲੈਣ ਵਾਲਾ ਪਾਪਾਂ ਤੋਂ ਬਚਾਇਆ ਗਿਆ ਹੈ। ਬਪਤਿਸਮੇ ਦਾ ਮਕਸਦ ''ਬਚਾਏ ਜਾਣ ਨੂੰ ਵਿਖਾਉਣਾ ਹੈ, ਇਸ ਨੂੰ ਪਾਉਣਾ ਨਹੀਂ। ... ਇਸ ਤੋਂ ਬਚਾਏ ਜਾਣ ਦਾ ਸਰੂਪ ਅਤੇ ਸੰਕੇਤ ਮਿਲਦਾ ਹੈ। ... ਬਚਾਏ ਜਾਣ ਲਈ ਬਪਤਿਸਮਾ ਜ਼ਰੂਰੀ ਨਹੀਂ ਹੈ।''[2]

ਅੰਗ੍ਰੇਜ਼ੀ ਦੇ ਅਨੁਵਾਦ ਵਾਲੀ NIV ਸਟੱਡੀ ਬਾਈਬਲ ਵਿਚ ਰਸੂਲਾਂ ਦੇ ਕੰਮ 2:38 ਬਾਰੇ ਇਹ ਟਿੱਪਣੀ ਜੋੜੀ ਗਈ ਹੈ, ''ਇਹ ਨਹੀਂ ਕਿ ਬਪਤਿਸਮੇ ਨਾਲ ਮਾਫ਼ੀ ਹੁੰਦੀ ਹੈ। ਮਾਫ਼ੀ ਤਾਂ ਉਸ ਪ੍ਰਤੀਕ ਨਾਲ ਹੁੰਦੀ ਹੈ ਜੋ ਬਪਤਿਸਮੇ ਰਾਹੀਂ ਵਿਖਾਇਆ ਜਾਂਦਾ ਹੈ।''[3] ਓਸੇ ਬਾਈਬਲ ਵਿਚ ਰਸੂਲਾਂ ਦੇ ਕੰਮ 22:16 ਬਾਰੇ ਇਹ ਟਿੱਪਣੀ ਦਿੱਤੀ ਗਈ ਹੈ, ''ਬਪਤਿਸਮਾ ਅੰਦਰੂਨੀ ਕਿਰਪਾ ਦਾ ਬਾਹਰੀ ਰੂਪ ਹੈ। ਨਵੇਂ ਨੇਮ ਵਿਚ ਹਕੀਕਤ ਅਤੇ ਪ੍ਰਤੀਕ ਦਾ ਗਹਿਰਾ ਸਬੰਧ ਹੈ।''[4]

ਤੀਜਾ ਵਿਚਾਰ ਹੈ ਕਿ ਮਸੀਹ ਦੇ ਹੁਕਮ ਦੇ ਰੂਪ ਵਿਚ ਇਹ ਉਹ ਕੰਮ ਹੈ ਜੋ ਕਿਸੇ ਨੂੰ ਪ੍ਰਤੱਖ ਕਲੀਸੀਆ ਵਿਚ ਲਿਆਉਂਦਾ ਹੈ।

> ਬਪਤਿਸਮਾ ਨਾ ਸਿਰਫ਼ ਬਪਤਿਸਮਾ ਲੈਣ ਵਾਲੇ ਲਈ ਪ੍ਰਤੱਖ ਕਲੀਸੀਆ ਵਿਚ ਸ਼ਾਮਲ ਹੋਣ ਲਈ, ਯਿਸੂ ਮਸੀਹ ਦੁਆਰਾ ਠਹਿਰਾਇਆ ਨਵੇਂ ਨੇਮ ਦਾ ਇਕ ਸੈਕਰਾਮੇਂਟ, ਸਗੋਂ ਕਿਰਪਾ ਦੇ ਨਾਮ ਦੇ ਪ੍ਰਤੀਕ ਅਤੇ ਮੋਹਰ ਵਿਚ, ਉਸ ਦੇ ਮਸੀਹ ਵਿਚ ਸ਼ਾਮਲ ਹੋਣ, ਨਵੇਂ ਜਨਮ, ਪਾਪਾਂ ਦੀ ਮਾਫ਼ੀ, ਅਤੇ ਯਿਸੂ ਮਸੀਹ ਦੇ ਰਾਹੀਂ ਉਹਦੇ ਪ੍ਰਮੇਸ਼ਵਰ ਵੱਲ ਜੀਵਨ ਦੇ ਨਵੇਂਪਨ ਵਿਚ ਚੱਲਣ ਲਈ ਵੀ ਹੈ।[5]

ਚੌਥਾ ਵਿਚਾਰ ਹੈ ਕਿ ਇਕ ਧਾਰਮਿਕ ਰਸਮ ਦੇ ਰੂਪ ਵਿਚ ਇਹ ਕਿਸੇ ਬਾਲਗ, ਜਾਂ ਨਵਜੰਮੇ ਬੱਚੇ ਨੂੰ ਪ੍ਰਭੂ ਲਈ (ਮਖ਼ਸੂਸ ਕਰਨ ਵੇਲੇ) ਹੋਣ ਵਾਲਾ ਸਮਾਰੋਹ ਹੈ ਜਿਸ ਵਿਚ ਬੱਚੇ ਦੇ ਪ੍ਰਭੂ ਲਈ ਪਾਲਣ ਪੋਸ਼ਣ ਦਾ ਜ਼ਿੰਮਾ ਉਸ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਲੈਂਦੇ ਹਨ।

> ਨਵੇਂ ਨੇਮ ਦਾ ਪ੍ਰਤੀਕ ਹੋਣ ਕਾਰਣ, ਮਾਤਾ ਪਿਤਾ ਜਾਂ ਸਰਪ੍ਰਸਤਾਂ ਦੀ ਬੇਨਤੀ ਤੇ, ਜੋ ਉਨ੍ਹਾਂ ਲਈ ਲਾਜ਼ਮੀ ਮਸੀਹੀ ਤਾਲੀਮ ਦੇਣ ਦੀ ਜ਼ਿੰਮੇਵਾਰੀ ਲੈ ਸਕਣ, ਛੋਟੇ ਬੱਚਿਆਂ ਨੂੰ ਬਪਤਿਸਮਾ ਦਿੱਤਾ ਜਾ ਸਕਦਾ ਹੈ।[6]
>
> ਫਿਰ ਮਸੀਹੀ ਬਪਤਿਸਮੇ ਤੋਂ ਕੀ ਭਾਵ ਹੈ? ਇਹ ਪਾਪਾਂ ਨੂੰ ਧੋਣ ਲਈ ਨਹੀਂ ਹੈ ਕਿਉਂਕਿ ਪਾਪ ਧੋਣ ਦਾ ਕੰਮ ਤਾਂ ਯਿਸੂ ਮਸੀਹ ਵਿਚ ਵਿਸ਼ਵਾਸ ਨਾਲ ਹੀ ਹੁੰਦਾ ਹੈ (ਅਫ਼ਸੀਆਂ 1:7)। ਸਗੋਂ ਇਹ ਲੋਕਾਂ ਵਿਚ ਇਸ ਗੱਲ ਦੀ ਗਵਾਹੀ ਹੈ ਕਿ ਉਸ ਨੇ ਯਹੋਵਾਹ ਪ੍ਰਮੇਸ਼ਵਰ ਸਾਹਮਣੇ ਸੱਚੇ ਮਨੋਂ ਸਮਰਪਣ ਕੀਤਾ ਹੈ ਅਤੇ ਉਹਦੀ ਇੱਛਾ ਅੱਗੇ ਆਪਣੇ-ਆਪ ਨੂੰ ਸੌਂਪ ਰਿਹਾ ਹੈ।[7]

ਪੰਜਵਾਂ ਵਿਚਾਰ ਹੈ ਕਿ ਖ਼ੁਦਾ ਦੇ ਹੁਕਮ ਨੂੰ ਵਿਸ਼ਵਾਸ ਨਾਲ ਮੰਨਣ ਦੇ ਕੰਮ ਦੇ ਰੂਪ ਵਿਚ, ਬਪਤਿਸਮੇ ਨਾਲ ਪਾਪਾਂ ਦੀ ਮਾਫ਼ੀ ਅਤੇ ਬਪਤਿਸਮੇ ਨਾਲ ਜੁੜੇ ਪ੍ਰਮੇਸ਼ਵਰ ਦੇ ਵਾਅਦੇ ਦੇ ਦੂਜੇ ਹੋਰ ਲਾਭ ਮਿਲਦੇ ਹਨ, ਭਾਵੇਂ ਬਪਤਿਸਮਾ ਲੈਣ ਵਾਲੇ ਨੂੰ ਇਸ ਉਦੇਸ਼ ਦੀ ਸਮਝ ਹੋਵੇ ਜਾਂ ਨਾ।

> ... ਉਹ ਮਨੁੱਖ ਭਾਵੇਂ ਮਾਫ਼ੀ ਬਾਰੇ ਅਣਜਾਣ ਹੋਵੇ, ਫਿਰ ਵੀ ਉਹਦਾ ਬਪਤਿਸਮਾ ਵਚਨ ਮੁਤਾਬਕ ਮੰਨਿਆ ਜਾਣਾ ਚਾਹੀਦਾ ਹੈ। ਇਸ ਲਈ ਇਹ ਧਾਰਣਾ ਗਲਤ ਹੈ ਕਿ ਬਪਤਿਸਮੇ ਸਮੇਂ ਮਿਲਣ ਵਾਲੀ ''ਪਾਪਾਂ ਦੀ ਮਾਫ਼ੀ'' ਦੇ ਸਹੀ-ਸਹੀ ਅਰਥ ਦਾ ਪਤਾ ਹੋਣਾ ਲਾਜ਼ਮੀ ਹੈ।[8]

ਪਰ ਮਿਸਟਰ [ਅਲਗਜ਼ੈਂਡਰ] ਕੈਂਪਬੈਲ ਇਹ ਵਿਸ਼ਵਾਸ ਕਰਦਿਆਂ ਕਿ ਇਨ੍ਹਾਂ ਸਭ ਗੱਲਾਂ ਵਿਚ ਇੱਥੇ ਸੱਚੇ ਮਨੋਂ ਕਿਸੇ ਨੇ ਯਿਸੂ ਵਿਚ ਵਿਸ਼ਵਾਸ ਕੀਤਾ ਹੈ ਭਾਵੇਂ ਬਪਤਿਸਮਾ ਲੈਣ ਵਾਲੇ ਨੂੰ ਉਸ ਸਮੇਂ ਸੰਗਠਨ ਬਾਰੇ ਪਤਾ ਹੋਵੇ ਜਾਂ ਨਾ, ਇਸ ਨੂੰ ਜਾਇਜ਼ ਠਹਿਰਾਉਣ ਲਈ ਦਿੱਤੀਆਂ ਗਈਆਂ ਇਨ੍ਹਾਂ ਛੋਟੀਆਂ ਗੱਲਾਂ ਨੂੰ ਸਾਹਮਣੇ ਰੱਖ ਕੇ ਦੁਬਾਰਾ ਡੁਬਕੀ ਦੇ ਬਪਤਿਸਮੇ ਦੇ ਖਿਲਾਫ਼ ਸਨ, ਉਨ੍ਹਾਂ ਦੀ ਸੋਚ ਸੀ ਕਿ ਜਦ ਤਕ ਬਪਤਿਸਮਾ ਲੈਣ ਵਾਲੇ ਨੂੰ ਇਹ ਸਮਝ ਨਾ ਹੋਵੇ ਕਿ ਪਹਿਲਾਂ ਬਪਤਿਸਮਾ ਲੈਣ ਸਮੇਂ ਉਸ ਨੂੰ ਮਸੀਹ ਵਿਚ ਵਿਸ਼ਵਾਸ ਨਹੀਂ ਸੀ, ਦੁਬਾਰਾ ਬਪਤਿਸਮਾ ਲੈਣਾ ਕਿਸੇ ਤਰੀਕੇ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ।[9]

ਜਿੱਥੋਂ ਤਕ ਡੁਬਕੀ ਦੇ ਖਾਕੇ ਦੀ ਗੱਲ ਹੈ, ਜਿਸ ਨੂੰ ਲੈਣ ਦਾ ਅਰਥ ਬਪਤਿਸਮਾ (ਗੋਤਾ) ਲੈਣ ਵਾਲਿਆਂ ਲਈ ਬਰਕਤ ਦਾ ਵਾਅਦਾ ਹੈ, ਇਸ ਵਿਚ ਗੋਤਾ (ਦਾ ਬਪਤਿਸਮਾ) ਲੈਣ ਵਾਲੇ ਜਾਂ ਦੇਣ ਵਾਲੇ ਦਾ ਕੋਈ ਫ਼ਰਜ਼ ਨਹੀਂ ਹੈ। ਇਹ ਬਰਕਤ ਇਨਸਾਨ ਵੱਲੋਂ ਨਹੀਂ ਸਗੋਂ ਪ੍ਰਮੇਸ਼ਵਰ ਵੱਲੋਂ ਮਿਲਦੀ ਹੈ। ਕੁਝ ਸ਼ਰਤਾਂ ਸਹਿਤ ਇਸ ਦੇ ਵਾਅਦੇ ਦੇ ਕਾਰਣ ਉਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਤੇ ਉਹ ਆਪਣੇ ਵਚਨ ਵਾਂਗ ਹੀ ਭਲਾ ਕਰੇਗਾ, ਅਤੇ ਇਹ ਮੰਨਣਾ ਬੇਮਾਇਨੇ ਹੋਵੇਗਾ ਕਿ ਉਹ ਉਨ੍ਹਾਂ ਬਰਕਤਾਂ ਨੂੰ ਰੋਕ ਲਵੇਗਾ ਕਿਉਂਕਿ ਮੈਨੂੰ ਇਹ ਪਤਾ ਨਹੀਂ ਹੈ ਕਿ ਮੇਰੇ ਲਈ ਉਨ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਇਸ ਲਈ ਜਦ ਤਕ ਵਾਅਦੇ ਦੇ ਪੂਰਾ ਹੋਣ ਲਈ ਉਸ ਨੂੰ ਪੂਰਾ ਕਰਨ ਦੀ ਸ਼ਰਤ ਨਾ ਹੋਵੇ, ਅਜਿਹਾ ਨਹੀਂ ਹੈ ਕਿ ਸਿਰਫ਼ ਵਾਅਦੇ ਬਾਰੇ ਨਾ ਜਾਣਨ ਕਾਰਕੇ ਕਿਸੇ ਨੂੰ ਉਸ ਦੀ ਬਰਕਤ ਨਾ ਮਿਲੇ। ਜਿਸ ਦੀ ਕਲਪਨਾ ਯਕੀਨਨ ਹੀ ਨਵੇਂ ਨੇਮ ਦੇ ਕਿਸੇ ਪਾਠਕ ਵੱਲੋਂ ਨਹੀਂ ਕੀਤੀ ਜਾ ਸਕਦੀ।[10]

ਇਸ ਪਾਠ ਵਿਚ ਛੇਵੇਂ ਵਿਚਾਰ ਦੀ ਵਿਆਖਿਆ ਕੀਤੀ ਗਈ ਹੈ। ਪਾਠਾਂ ਦੀ ਇਸ ਲੜੀ ਦਾ ਉਦੇਸ਼ ਪ੍ਰਮੇਸ਼ਵਰ ਦੀ ਗੱਲ ਮੰਨਣ ਲਈ ਪਵਿੱਤਰ ਲਿਖਤ ਦੇ ਮੁਤਾਬਕ ਬਪਤਿਸਮੇ ਨੂੰ ਸਮਝਣਾ ਹੈ। ਜੋ ਕੋਈ ਵਿਸ਼ਵਾਸ ਕਰ ਲੈਂਦਾ ਹੈ ਕਿ ਯਿਸੂ ਹੀ ਮਸੀਹ, ਪ੍ਰਭੂ, ਮੁਕਤੀਦਾਤਾ ਅਤੇ ਪ੍ਰਮੇਸ਼ਵਰ ਦਾ ਪੁੱਤਰ ਹੈ (ਯੂਹੰਨਾ 3:16; ਰਸੂਲਾਂ ਦੇ ਕੰਮ 2:36) ਅਤੇ ਪਾਪਾਂ ਦੀ ਮਾਫ਼ੀ ਲਈ ਉਸ ਦੇ ਲਹੂ ਤੇ ਵਿਸ਼ਵਾਸ ਕਰਦਾ ਹੈ (ਰੋਮੀਆਂ 3:25) ਉਹਦੇ ਵਾਸਤੇ ਯਿਸੂ ਨੂੰ ਪਹਿਨਣਾ (ਗਲਾਤੀਆਂ 3:27) ਅਤੇ ਪਾਪਾਂ ਦੀ ਮਾਫ਼ੀ ਲਈ (ਰਸੂਲਾਂ ਦੇ ਕੰਮ 2:38) ਨਵਾਂ ਜੀਵਨ ਜੀਉਣ ਲਈ ਆਪਣੇ ਆਪ ਨੂੰ ਬਪਤਿਸਮੇ ਲਈ ਪੇਸ਼ ਕਰਨਾ ਜ਼ਰੂਰੀ ਹੈ (ਰੋਮੀਆਂ 6:4)। ਇਸ ਤਰ੍ਹਾਂ ਉਹਦੇ ਪਾਪ ਮਾਫ਼ ਹੁੰਦੇ ਹਨ ਭਾਵ ਉਹਦਾ ਨਵਾਂ ਜਨਮ ਹੋ ਜਾਂਦਾ ਹੈ ਅਤੇ ਉਹਨੂੰ ਪ੍ਰਮੇਸ਼ਵਰ ਦੇ ਰਾਜ (ਯੂਹੰਨਾ 3:5), ਮਸੀਹ ਦੀ ਦੇਹ (1 ਕੁਰਿੰਥੀਆਂ12:13) ਜੋ ਕਿ ਉਹਦੀ ਕਲੀਸੀਆ ਹੈ (ਅਫ਼ਸੀਆਂ 1:22, 23) ਵਿਚ ਮਿਲਾਇਆ ਜਾਂਦਾ ਹੈ।

## ਸਾਰ

ਬਹੁਤ ਸਾਰੇ ਸੰਗਠਨ ਅਤੇ ਲੋਕ ਬਪਤਿਸਮੇ ਬਾਰੇ ਅਜਿਹਾ ਹੀ ਜਾਂ ਇਸ ਨਾਲ ਮਿਲਦਾ ਜੁਲਦਾ ਵਿਹਾਰ ਰੱਖਦੇ ਹਨ। ਇਨ੍ਹਾਂ ਵਿੱਚੋਂ ਕਈ ਥੋੜ੍ਹੇ ਜਿਹੇ ਹਿੱਸੇ ਨੂੰ ਢੱਕ ਕੇ ਅੱਗੇ ਨਿੱਕਲ ਜਾਂਦੇ ਹਨ, ਜਦਕਿ ਕੁਝ ਵਿਹਾਰ ਬਿਲਕੁਲ ਇਕ ਦੂਜੇ ਦੇ ਉਲਟ ਹਨ।

ਇਸ ਅਧਿਐਨ ਦਾ ਮਕਸਦ ਇਹ ਤੈਅ ਕਰਨਾ ਹੈ ਕਿ ਬਪਤਿਸਮਾ ਲੈਣ ਵਾਲੇ ਤੋਂ ਯਿਸੂ

ਕੀ ਚਾਹੁੰਦਾ ਹੈ। ਭਲਾ ਬਪਤਿਸਮੇ ਦੇ ਪਾਣੀ ਵਿਚ ਪਾਪ ਮਾਫ਼ ਕਰਨ ਦੀ ਸ਼ਕਤੀ ਹੈ? ਭਲਾ ਬਪਤਿਸਮਾ ਅੰਦਰੂਨੀ ਕਿਰਪਾ ਦਾ ਬਾਹਰੀ ਰੂਪ ਹੈ, ਜਿਸ ਤੋਂ ਪਤਾ ਲਗਦਾ ਹੋਵੇ ਕਿ ਕੋਈ ਪਹਿਲਾਂ ਹੀ ਬਚਾਇਆ ਜਾ ਚੁੱਕਿਆ ਜਾਂ ਚੁੱਕੀ ਹੈ? ਭਲਾ ਇਸ ਤੋਂ ਸਿਰਫ਼ ਸਮਰਪਣ ਦਾ ਪਤਾ ਲਗਦਾ ਹੈ ਜਾਂ ਇਹ ਅਜਿਹਾ ਕਾਰਜ ਹੈ ਜੋ ਲੋਕਾਂ ਨੂੰ ਕਿਸੇ ਡਿਨੋਮਿਨੇਸ਼ਨ ਦਾ ਮੈਂਬਰ ਬਣਾਉਂਦਾ ਹੈ? ਜੇ ਬਪਤਿਸਮਾ ਲੈਣ ਵਾਲਾ ਨਾ ਤਾਂ ਇਸ ਦੇ ਉਦੇਸ਼ ਅਤੇ ਨਾ ਨਮੂਨੇ ਅਤੇ ਨਾ ਉਸ ਵਚਨਬੱਧਤਾ ਨੂੰ ਸਮਝਦਾ ਹੋਵੇ ਜਿਸ ਦੀ ਉਸ ਤੋਂ ਉਮੀਦ ਕੀਤੀ ਜਾਂਦੀ ਹੈ ਤਾਂ ਭਲਾ ਉਹਦਾ ਬਪਤਿਸਮਾ ਸਹੀ ਹੈ? ਭਲਾ ਪ੍ਰਮੇਸ਼ਵਰ ਦੀ ਸੰਤਾਨ ਬਣਨ ਦੇ ਚਾਹਵਾਨ ਆਦਮੀ ਲਈ ਪ੍ਰਮੇਸ਼ਵਰ ਦੀ ਇੱਛਾ ਸਿਰਫ਼ ਇਕ ਬਾਹਰੀ ਧਾਰਮਿਕ ਰਸਮ ਨੂੰ ਪੂਰਾ ਕਰਨਾ ਹੀ ਹੈ? ਭਲਾ ਪ੍ਰਮੇਸ਼ਵਰ ਨੇ ਮਨੁੱਖ ਤੋਂ ਕਦੇ ਅਜਿਹਾ ਕੰਮ ਕਰਨ ਦੀ ਉਮੀਦ ਰੱਖੀ ਹੈ ਜਿਸ ਵਿਚ ਉਸਦੇ ਉਦੇਸ਼ ਅਤੇ ਉਸਦੇ ਅਰਥ ਦਾ ਉਸ ਦੇ ਮਨ ਨਾਲ ਕੋਈ ਸਬੰਧ ਨਾ ਹੋਵੇ? ਭਲਾ ਬਪਤਿਸਮਾ ਲੈਣ ਵਾਲੇ ਮਰਦ ਜਾਂ ਤੀਵੀਂ ਦਾ ਨਵੇਂ ਜਨਮ ਪ੍ਰਤੀ ਵਚਨਬੱਧ ਹੋਣਾ ਜ਼ਰੂਰੀ ਹੈ? ਭਲਾ ਉਹਦੇ ਲਈ ਬਪਤਿਸਮੇ ਨੂੰ ਉਸ ਅਰਥ ਦੀ ਰੌਸ਼ਨੀ ਵਿਚ ਸਮਝਣਾ ਜ਼ਰੂਰੀ ਹੈ ਜਿਸ ਨਾਲ ਪ੍ਰਮੇਸ਼ਵਰ ਨੇ ਇਸ ਨੂੰ ਜੋੜਿਆ ਹੈ?

ਜੇ ਅਸੀਂ ਸਮਝਣਾ ਚਾਹੁੰਦੇ ਹਾਂ ਕਿ ਪ੍ਰਮੇਸ਼ਵਰ ਕਿਸੇ ਦੇ ਸਰੀਰਕ ਕੰਮ ਤੋਂ ਕੀ ਇੱਛਾ ਰੱਖਦਾ ਹੈ ਜਿਸ ਦਾ ਉਸ ਅਰਥ ਤੋਂ ਦੂਰ ਹੋ ਕੇ ਜਿਹਦੇ ਨਾਲ ਪ੍ਰਮੇਸ਼ਵਰ ਨੇ ਜੋੜਿਆ ਹੈ ਕੋਈ ਅਰਥ ਨਾ ਹੋਵੇਗਾ ਤਾਂ ਇਨ੍ਹਾਂ ਜਵਾਬਾਂ ਦੀ ਖੋਜ ਦਾ ਇਕ ਤਰੀਕਾ ਇਹ ਹੈ ਕਿ ਬਾਈਬਲ ਵਿਚ ਜਾਂਚਿਆ ਜਾਵੇ ਅਤੇ ਪ੍ਰਮੇਸ਼ਵਰ ਨੂੰ ਹੀ ਬੋਲਣ ਦਿੱਤਾ ਜਾਵੇ।

---

ਟਿੱਪਣੀਆਂ

[1]ਪਾਲ ਐਚ. ਹੈਲਟ, *ਵਟ ਇਜ਼ ਏ ਕੈਥੋਲਿਕ?* (ਨਿਊ ਯਾਰਕ: ਮੈਕਮਿਲਨ ਕੰ., 1955) 125. [2]ਜੋ ਟੀ. ਓਡਲ, *ਚਰਚ ਮੈਂਬਰ'ਸ ਹੈਂਡਬੁਕ* (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈਸ, 1962), 22. [3]ਕੈਨਥ ਬਾਰਕਰ, ਸੰ., *ਦ ਐਨ ਆਈ ਵੀ. ਸਟੱਡੀ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 1985), 1648. [4]ਉਹੀ, 1690. [5]ਵੈਸਟਮਿੰਸਟਰ ਕਨਫੈਸ਼ਨ, ਚੈਪਟਰ 28, ਆਰਟੀਕਲ 1, *ਦ ਕਾਂਸਟੀਚਿਊਸ਼ਨ ਆਫ਼ ਦ ਰਿਫ਼ਾਰਮਡ ਪ੍ਰੈਸਬਿਟੇਰਿਅਨ ਚਰਚ ਆਫ਼ ਅਮੈਰਿਕਾ* (ਫ਼ਿਲਾਡਲਫ਼ੀਆ, ਪੈਨਸਿਲਵੇਨੀਆ: ਸਿਨਡ ਆਫ਼ ਰਿਫ਼ਾਰਮਡ ਪ੍ਰੈਸਬਿਟੇਰਿਅਨ ਚਰਚਜ਼, 1949), 48. [6]*ਮੈਨੂਅਲ,* ਚੌਥਾ ਸੰਸਕਰਣ, (ਕੈਂਸਸ ਸਿਟੀ: ਨਾਜ਼ਰੀਨ ਪਬਲਿਸ਼ਿੰਗ ਹਾਊਸ, 1923), 26. [7]*ਦ ਟਰੁੱਥ ਦੈਟ ਲੀਡਸ ਟੂ ਇਟਰਨਲ ਲਾਈਫ਼* (ਨਿਊ ਯਾਰਕ: ਵਾਚਟਾਵਰ ਬਾਈਬਲ ਐਂਡ ਟ੍ਰੈਕਟ ਸੋਸਾਇਟੀ, 1968), 183. [8]ਜਿਮੀ ਐਲਨ, *ਰਿਬੈਪਟਿਜ਼ਮ?* (ਵੈਸਟ ਮੋਨਰੋ, ਲੂਈਸਿਆਨਾ: ਹਾਵਰਡ ਪਬਲਿਸ਼ਿੰਗ ਕੰ., 1991), 48. [9]ਰਾਬਰਟ ਰਿਚਰਡਸਨ, *ਮੈਮੋਇਰਸ ਆਫ਼ ਅਲਗਜ਼ੈਂਡਰ ਕੈਂਪਬੈੱਲ,* ਅੰਕ 2 (ਫ਼ਿਲਾਡੇਲਫ਼ੀਆ, ਪੈਨਸਿਲਵੇਨੀਆ: ਜੇ. ਬੀ. ਲਿਪਿੰਨਕੌਟ, 1868-70; ਰੀਪ੍ਰਿੰਟ, ਇੰਡਿਆਨਾਪੁਲਿਸ, ਇੰਡਿਆਨਾ: ਰਿਲੀਜਿਅਸ ਬੁਕ ਸਰਵਿਸ, 1976), 443-44, ਐਲਨ, 84 ਵਿਚ ਦੁਹਰਾਇਆ ਗਿਆ। [10]ਜੇ. ਡਬਲਯੂ. ਮੈਕਗਰਵੇ, ''ਵਟ ਇਜ਼ ਏ ਵੈਲਿਡ ਇਮਰਸ਼ਨ?'' *ਦ ਅਮੈਰਿਕਨ ਕ੍ਰਿਸ਼ਚਿਅਨ ਕੁਆਟਰਲੀ ਰੀਵਿਊ,* 1862, ਐਲਨ, 94 ਵਿਚ ਦੁਹਰਾਇਆ ਗਿਆ।